ਓਸਲੋ ਵਿਖੇ ਭਾਰਤ-ਨੋਰਡਿਕ ਸਿਖਰ ਸੰਮੇਲਨ

ਮੋਦੀ ਵਲੋਂ ਆਈਸਲੈਂਡ, ਫਿਨਲੈਂਡ ਤੇ ਡੈਨਮਾਰਕ ਦੇ ਆਗੂਆਂ ਨਾਲ ਮੁਲਾਕਾਤ

ਓਸਲੋ, 19 ਮਈ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਇੱਥੇ ਤੀਜੇ ਭਾਰਤ-ਨੋਰਡਿਕ ਸਿਖਰ ਸੰਮੇਲਨ ਤੋਂ ਪਹਿਲਾਂ ਆਈਸਲੈਂਡ, ਫਿਨਲੈਂਡ ਅਤੇ ਡੈਨਮਾਰਕ ਦੇ ਅਪਣੇ ਹਮਰੁਤਬਾ ਆਗੂਆਂ ਨਾਲ ਵੱਖ-ਵੱਖ ਦੁਵਲੇ ਮਿਲਾਂ ਬੈਠਕਾਂ ਕੀਤੀਆਂ। ਇਨ੍ਹਾਂ ਉੱਚ-ਪੱਧਰੀ ਮੀਟਿੰਗਾਂ ਦੌਰਾਨ ਸਾਫ਼-ਸੁਥਰੀ ਊਰਜਾ, ਵਪਾਰ, ਡਿਜੀਟਲਾਈਜ਼ੇਸ਼ਨ, ਟਿਕਾਊ ਵਿਕਾਸ ਅਤੇ ਨਵੀਨਤਮ ਤਕਨਾਲੋਜੀ ਵਰਗੇ ਅਹਿਮ ਖੇਤਰਾਂ ਵਿਚ ਸਹਿਯੋਗ ਵਧਾਉਣ ਉਤੇ ਡੂੰਘੀ ਚਰਚਾ ਹੋਈ। ਡੈਨਮਾਰਕ ਦੀ ਕਾਰਜਕਾਰੀ ਪ੍ਰਧਾਨ ਮੰਤਰੀ ਮੈਟੇ ਫਰੇਡਰਿਕਸਨ ਨਾਲ ਹੋਈ 'ਫਲਦਾਇਕ' ਮੀਟਿੰਗ ਬਾਰੇ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ,"ਭਾਰਤ-ਡੈਨਮਾਰਕ ਦੋਸਤੀ ਪਿਛਲੇ ਕੁੱਝ ਸਾਲਾਂ ਵਿਚ ਸ਼ਾਨਦਾਰ ਤਰੱਕੀ ਕਰ ਰਹੀ ਹੈ।" ਉਨ੍ਹਾਂ ਉਮੀਦ ਪ੍ਰਗਟਾਈ ਕਿ,"ਆਉਣ ਵਾਲੇ ਸਾਲਾਂ ਵਿਚ ਵਿਨਟੇਕ, ਉਦਯੋਗ, ਰੱਖਿਆ ਅਤੇ ਨਵੀਨਤਾ ਵਿਚ ਅਜਿਹਾ ਹੀ ਤਾਲਮੇਲ ਵੇਖਣ ਨੂੰ ਮਿਲੇਗਾ। ਮੈਂ ਡੈਨਮਾਰਕ ਦੇ ਪੇਨਸ਼ਨ ਫੰਡਾਂ ਨੂੰ ਭਾਰਤ ਵਿਚ ਅਪਣੇ ਨਿਵੇਸ਼ ਦਾ ਵਿਸਤਾਰ ਕਰਨ ਲਈ ਸੱਦਾ ਦਿਤਾ ਹੈ।" ਇਸ ਮੀਟਿੰਗ ਦੌਰਾਨ ਵਾਰਤਸੀ ਵਿਚ ਸਵੱਛ ਨਦੀਆਂ ਲਈ 'ਸਮਾਰਟ ਲੈਬਾਰਟਰੀ' (ਐੱਸ ਐੱਲ ਸੀ ਆਰ.) ਸਥਾਪਤ ਕਰਨ ਦੀ ਪ੍ਰਗਤੀ ਦਾ ਵੀ ਜ਼ਿਕਰ ਕੀਤਾ ਗਿਆ, ਜੋ ਭਾਰਤ ਸਰਕਾਰ, ਆਈ ਆਈ ਟੀ-ਬੀ ਐਚ.ਯੂ. ਤੇ ਡੈਨਮਾਰਕ ਵਿਚਕਾਰ ਇਕ ਤਿਕੋਣੀ ਪਹਿਲਕਦਮੀ ਹੈ। ਦੂਜੇ ਪਾਸੇ ਆਈਸਲੈਂਡ ਦੀ ਪ੍ਰਧਾਨ ਮੰਤਰੀ ਕ੍ਰਿਸਟਰੂਨ ਫਰੰਸਟਾਡੋਟਿਰ ਤੇ ਪ੍ਰਧਾਨ ਮੰਤਰੀ ਮੋਦੀ ਵਿਚਾਲੇ ਇਹ ਪਹਿਲੀ ਅਧਿਕਾਰਤ ਬੈਠਕ ਸੀ। ਸੋਸ਼ਲ ਮੀਡੀਆ ਉਤੇ ਇਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਮੋਦੀ ਨੇ ਕਿਹਾ, "ਆਈਸਲੈਂਡ ਦੀ ਪ੍ਰਧਾਨ ਮੰਤਰੀ ਕ੍ਰਿਸਟਰੂਨ ਫਰੰਸਟਾਡੋਟਿਰ ਨਾਲ ਬਹੁਤ ਵਧੀਆ ਮੁਲਾਕਾਤ ਹੋਈ। ਭਾਰਤ, ਹੈਲੀਕਾਪਟਰ ਤਕਨਾਲੋਜੀ ਅਤੇ ਆਈਸਲੈਂਡ ਨਾਲ ਅਪਣੀ ਦੋਸਤੀ ਨੂੰ ਬਹੁਤ ਮਹੱਤਵ ਦਿੰਦਾ ਹੈ।" ਉਨ੍ਹਾਂ ਅੱਗੇ ਕਿਹਾ, "ਬਲੂ ਇਕਨਾਮੀ ਦੇ ਖੇਤਰਾਂ ਵਿਚ ਆਈਸਲੈਂਡ ਦੀ ਮਹਾਰਤ ਸ਼ਲਾਘਾਯੋਗ ਹੈ। ਇਸ ਦੌਰਾਨ ਜਿਓਥਰਮਲ ਊਰਜਾ ਤੇ ਕਾਰਬਨ ਕੈਪਚਰ ਵਰਗੇ ਵਿਸ਼ਿਆਂ ਉਤੇ ਵੀ ਗੰਭਰਤਾ ਹੋਈ।ਇਸ ਤੋਂ ਬਾਅਦ ਫਿਨਲੈਂਡ ਦੇ ਪ੍ਰਧਾਨ ਮੰਤਰੀ ਪੇਟੇਰੀ ਓਰਪੋ ਨਾਲ ਹੋਈ ਬੈਠਕ ਵਿਚ ਬਿਊਟੀਫੁੱਲ ਹੈਲਥ ਪ੍ਰਾਜੈਕਟ ਤੇ ਸਾਂਝ ਕਰਨ ਬਾਰੇ ਸਾਰਥਕ ਚਰਚਾ ਹੋਈ। ਇਸ ਤੋਂ ਬਾਅਦ ਮੋਦੀ ਨੇ ਡੈਨਮਾਰਕ ਦੇ ਪ੍ਰਧਾਨ ਮੰਤਰੀ ਮੈਟੇ ਫਰੇਡਰਿਕਸਨ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਮੋਦੀ ਨੇ ਮੀਡੀਆ ਦੇ ਸਵਾਲਾਂ ਦੇ ਜਵਾਬ ਨਹੀਂ ਦਿਤੇ। ਜਦੋਂ ਦੋਵੇਂ ਆਗੂ ਪ੍ਰੈਸ ਕਾਨਫਰੰਸ ਤੋਂ ਬਾਅਦ ਜਾਣ ਲੱਗੇ, ਤਾਂ ਨਾਰਵੇ ਦੀ ਮਹਿਲਾ ਪੱਤਰਕਾਰ ਹੋਲੀ ਲਿੰਗ ਨੇ ਉੱਥੇ ਹੀ ਸਵਾਲ ਦਾਗ਼ ਦਿਤਾ,"ਪ੍ਰਧਾਨ ਮੰਤਰੀ ਮੋਦੀ ਤੁਸੀਂ ਦੁਨੀਆਂ ਦੀ ਸੱਭ ਤੋਂ ਆਜ਼ਾਦ ਪ੍ਰੈਸ ਦੇ ਕੁੱਝ ਸਵਾਲਾਂ ਦੇ ਜਵਾਬ ਕਿਉਂ ਨਹੀਂ ਦਿੰਦੇ ?" ਹਾਲਾਂਕਿ, ਇਸ ਸਵਾਲ ਦਾ ਕੋਈ ਜਵਾਬ ਨਹੀਂ ਮਿਲਿਆ, ਜਿਸ ਤੋਂ ਬਾਅਦ ਹੋਲੀ ਲਿੰਗ ਨੇ ਸੋਸ਼ਲ ਮੀਡੀਆ 'ਤੇ ਵੀਡੀਉ ਸਾਂਝੀ ਕਰਦਿਆਂ ਲਿਖਿਆ ਕਿ ਨਾਰਵੇ 'ਵਰਲਡ ਪ੍ਰੈਸ ਫ੍ਰੀਡਮ ਇੰਡੈਕਸ' ਵਿਚ ਪਹਿਲੇ ਨੰਬਰ 'ਤੇ ਹੈ, ਜਦਕਿ ਭਾਰਤ 157ਵੇਂ ਨੰਬਰ 'ਤੇ ਹੈ ਤੇ ਇਸ ਮਾਮਲੇ ਵਿਚ ਫਲਸਤੀਨ, ਯੂ.ਏ.ਈ. ਤੇ ਕਿਊਬਾ ਵਰਗੇ ਦੇਸ਼ਾਂ ਨਾਲ ਮੁਕਾਬਲਾ ਕਰ ਰਿਹਾ ਹੈ।

ਪ੍ਰਧਾਨ ਮੰਤਰੀ ਮੋਦੀ ਆਈਸਲੈਂਡ ਦੀ ਹਮਰੁਤਬਾ ਕ੍ਰਿਸਟਰੂਨ ਫਰੰਸਟਾਡੋਟਿਰ ਨਾਲ ਮੁਲਾਕਾਤ ਤਰੱਕੀ ਕਰਦੇ ਹੋਏ। ਫੋਟੋ ਪੀਟੀਆਈ

'ਸਮਝੌਤਾਵਾਦੀ' ਪ੍ਰਧਾਨ ਮੰਤਰੀ ਸਵਾਲਾਂ ਤੋਂ ਭਜਦੇ ਨੇ : ਰਾਹੁਲ ਗਾਂਧੀ

ਰਾਏਬਰੇਲੀ, 19 ਮਈ : ਨਾਰਵੇ ਦੌਰੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਇਕ ਮਹਿਲਾ ਪੱਤਰਕਾਰ ਦੇ ਸਵਾਲ ਦਾ ਜਵਾਬ ਨਾ ਦੇਣ ਦਾ ਮਾਮਲਾ ਹੁਣ ਪੂਰੀ ਤਰ੍ਹਾਂ ਭਖ ਗਿਆ ਹੈ। ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਅਤੇ ਕਾਂਗਰਸ ਸੰਸਦ ਰਾਹੁਲ ਗਾਂਧੀ ਨੇ ਇਸ ਮੁੱਦੇ ਨੂੰ ਲੈ ਕੇ ਪ੍ਰਧਾਨ ਮੰਤਰੀ ਮੋਦੀ 'ਤੇ ਤਿੱਖਾ ਨਿਸ਼ਾਨਾ ਲਾਇਆ ਹੈ। ਰਾਹੁਲ ਗਾਂਧੀ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਨਾਰਵੇ ਦੀ ਮਹਿਲਾ ਪੱਤਰਕਾਰ ਹੋਲੀ ਲਿੰਗ ਦੀ ਪੋਸਟ ਨੂੰ ਸਾਂਝਾ ਕਰਦਿਆਂ ਲਿਖਿਆ, "ਜਦੋਂ ਦੁਨੀਆਂ ਇਕ 'ਕੰਪਲੈਸਾਈਡਲ ਪ੍ਰਧਾਨ ਮੰਤਰੀ ਨੂੰ ਸਵਾਲਾਂ ਤੋਂ ਘਬਰਾ ਕੇ ਭੱਜਦੇ ਹੋਏ ਦੇਖਦੀ ਹੈ, ਤਾਂ ਭਾਰਤ ਦੇ ਅਕਸ 'ਤੇ ਕੀ ਅਸਰ ਪੈਂਦਾ ਹੈ। ਜਦੋਂ ਛਿਪਾਉਣ ਲਈ ਕੁੱਝ ਨਹੀਂ ਹੈ ਤਾਂ ਡਰਨ ਦੀ ਵੀ ਕੋਈ ਗੱਲ ਨਹੀਂ ਹੈ।" (ਏਜੰਸੀ)

ਮਹਿਲਾ ਪੱਤਰਕਾਰ ਨੇ ਭਾਰਤ ਵਿਚ ਮੀਡੀਆ ਦੀ ਆਜ਼ਾਦੀ ਦਾ ਮਸਲਾ ਚੁਕਿਆ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਰਵੇ ਦੇ 2 ਦਿਨਾਂ ਦੌਰੇ 'ਤੇ ਸਨ, ਜਿੱਥੇ ਉਨ੍ਹਾਂ ਨੇ ਨਾਰਵੇ ਦੇ ਪ੍ਰਧਾਨ ਮੰਤਰੀ ਜਾਨਾਸਾ ਗਾਰ ਸਟੋਰ ਨਾਲ ਇਕ ਸਾਂਝੀ ਪ੍ਰੈਸ ਕਾਨਫਰੰਸ ਕੀਤੀ। ਇਸ ਦੌਰਾਨ ਮੋਦੀ ਨੇ ਮੀਡੀਆ ਦੇ ਸਵਾਲਾਂ ਦੇ ਜਵਾਬ ਨਹੀਂ ਦਿਤੇ। ਜਦੋਂ ਦੋਵੇਂ ਆਗੂ ਪ੍ਰੈਸ ਕਾਨਫਰੰਸ ਤੋਂ ਬਾਅਦ ਜਾਣ ਲੱਗੇ, ਤਾਂ ਨਾਰਵੇ ਦੀ ਮਹਿਲਾ ਪੱਤਰਕਾਰ ਹੋਲੀ ਲਿੰਗ ਨੇ ਉੱਥੇ ਹੀ ਸਵਾਲ ਦਾਗ਼ ਦਿਤਾ,"ਪ੍ਰਧਾਨ ਮੰਤਰੀ ਮੋਦੀ ਤੁਸੀਂ ਦੁਨੀਆਂ ਦੀ ਸੱਭ ਤੋਂ ਆਜ਼ਾਦ ਪ੍ਰੈਸ ਦੇ ਕੁੱਝ ਸਵਾਲਾਂ ਦੇ ਜਵਾਬ ਕਿਉਂ ਨਹੀਂ ਦਿੰਦੇ ?" ਹਾਲਾਂਕਿ, ਇਸ ਸਵਾਲ ਦਾ ਕੋਈ ਜਵਾਬ ਨਹੀਂ ਮਿਲਿਆ, ਜਿਸ ਤੋਂ ਬਾਅਦ ਹੋਲੀ ਲਿੰਗ ਨੇ ਸੋਸ਼ਲ ਮੀਡੀਆ 'ਤੇ ਵੀਡੀਉ ਸਾਂਝੀ ਕਰਦਿਆਂ ਲਿਖਿਆ ਕਿ ਨਾਰਵੇ 'ਵਰਲਡ ਪ੍ਰੈਸ ਫ੍ਰੀਡਮ ਇੰਡੈਕਸ' ਵਿਚ ਪਹਿਲੇ ਨੰਬਰ 'ਤੇ ਹੈ, ਜਦਕਿ ਭਾਰਤ 157ਵੇਂ ਨੰਬਰ 'ਤੇ ਹੈ ਤੇ ਇਸ ਮਾਮਲੇ ਵਿਚ ਫਲਸਤੀਨ, ਯੂ.ਏ.ਈ. ਤੇ ਕਿਊਬਾ ਵਰਗੇ ਦੇਸ਼ਾਂ ਨਾਲ ਮੁਕਾਬਲਾ ਕਰ ਰਿਹਾ ਹੈ।

ਅਸੀਂ ਦੁਨੀਆਂ ਦੀਆਂ ਸਮੱਸਿਆਵਾਂ ਦਾ ਛੇਵਾਂ ਹਿੱਸਾ ਨਹੀਂ : ਭਾਰਤੀ ਵਿਦੇਸ਼ ਮੰਤਰਲਾ

ਇਸ ਵਿਵਾਦ ਤੋਂ ਬਾਅਦ ਭਾਰਤੀ ਵਿਦੇਸ਼ ਮੰਤਰਲੇ ਨੇ ਹੋਲੀ ਲਿੰਗ ਦੀ ਪੋਸਟ ਦਾ ਜਵਾਬ ਦਿੰਦਿਆਂ ਲਿਖਿਆ,"ਪਿਆਰੇ ਹੋਲੀ ਲਿੰਗ, ਭਾਰਤੀ ਦੂਤਾਵਾਸ ਅੱਜ ਰਾਤ ਪ੍ਰਧਾਨ ਮੰਤਰੀ ਦੇ ਦੌਰੇ 'ਤੇ ਇਕ ਪ੍ਰੈਸ ਬ੍ਰੀਫਿਗ ਦਾ ਆਯੋਜਨ ਕਰ ਰਿਹਾ ਹੈ। ਤੁਸੀਂ ਉੱਥੇ ਆਉਣ ਤੇ ਅਪਣੇ ਸਵਾਲ ਪੁੱਛਣ ਲਈ ਆ ਸਕਦੇ ਹੋ।" ਇਸ ਤੋਂ ਬਾਅਦ ਜਦਕਿ ਅਜੇ ਪ੍ਰੈਸ ਬ੍ਰੀਫਿਗ ਵਿਚ ਮੌਜੂਦੀ ਅਧਿਕਾਰਾਂ ਦੀ ਉਲੰਘਣਾ ਅਤੇ ਭਾਰਤ 'ਤੇ ਭਰਸਾ ਕਰਨ ਬਾਰੇ ਸਵਾਲ ਪੁੱਛੇ, ਤਾਂ ਵਿਦੇਸ਼ ਮੰਤਰਲੇ ਦੇ ਪਛਮੀ ਮਾਮਲਿਆਂ ਦੇ ਸਕੱਤਰ ਸਿਬੀ ਜਾਰਜ ਨੇ ਕਰਾਰਾ ਜਵਾਬ ਦਿਤਾ।"ਅਸੀਂ ਭਾਰਤ ਵਲੋਂ ਕਵਿਡ ਮਹਾਮਾਰੀ ਦੌਰਾਨ ਕੀਤੀ ਵੈਕਸੀਨ ਦੀ ਮਦਦ ਅਤੇ ਜੀ-20 ਵਰਗੇ ਮੰਚਾਂ 'ਤੇ ਨਿਭਾਈ ਜ਼ਿੰਮੇਵਾਰ ਭੂਮਿਕਾ ਦਾ ਹਵਾਲਾ ਦਿਤਾ। ਹਾਲਾਂਕਿ ਜਦੋਂ ਪੱਤਰਕਾਰ ਨੇ ਵਿਚਾਲੇ ਟੋਕਦਿਆਂ ਸਿੱਧਾ ਜਵਾਬ ਮੰਗਿਆ, ਤਾਂ ਸਿਬੀ ਜਾਰਜ ਨੇ ਠਾਹਾਜ਼ਗੀ ਜ਼ਾਹਰ ਕਰਦਿਆਂ ਕਿਹਾ,"ਕਿਰਪਾ ਕਰ ਕੇ ਮੈਨੂੰ ਵਿਚਾਲੇ ਨਾ ਟੋਕੋ। ਇਹ ਮੇਰਾ ਅਧਿਕਾਰ ਹੈ ਕਿ ਮੈਂ ਕਿਵੇਂ ਜਵਾਬ ਦੇਵਾਂ। ਅਸੀਂ ਦੁਨੀਆਂ ਦੀ ਆਬਾਦੀ ਦਾ ਛੇਵਾਂ ਹਿੱਸਾ ਹਾਂ, ਪਰ ਦੁਨੀਆਂ ਦੀਆਂ ਸਮੱਸਿਆਵਾਂ ਦਾ ਛੇਵਾਂ ਹਿੱਸਾ ਨਹੀਂ।" (ਏਜੰਸੀ)

ਟਰੰਪ ਨੇ ਅਰਬ ਦੇਸ਼ਾਂ ਦੇ ਆਗੂਆਂ ਦੀ ਬੇਨਤੀ ਉਤੇ ਇਰਾਨ ਹਮਲਾ ਟਾਲਿਆ

ਕਿਹਾ, ਇਰਾਨ ਨਾਲ ਚੱਲ ਰਹੀ ਗੱਲਬਾਤ, ਹੋ ਸਕਦਾ ਹੈ ਸਵੀਕਾਰਯੋਗ ਸਮਝੌਤਾ

ਵਾਸ਼ਿੰਗਟਨ, 19 ਮਈ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਕਤਰ, ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ (ਯੂਏਈ) ਦੀ ਬੇਨਤੀ ਉਤੇ ਇਰਾਨ ਉਤੇ ਨਵੇਂ ਹਮਲੇ ਦੀਆਂ ਯੋਜਨਾਵਾਂ ਨੂੰ ਰੋਕ ਦਿਤਾ ਹੈ। ਅਮਰੀਕੀ ਰਾਸ਼ਟਰਪਤੀ ਨੇ ਜ਼ੋਰ ਦੇ ਕੇ ਕਿਹਾ ਕਿ ਇਰਾਨ ਨਾਲ ਗੰਭੀਰ ਗੱਲਬਾਤ ਚੱਲ ਰਹੀ ਹੈ ਜਿਸ ਨਾਲ ਇਕ ਸਵੀਕਾਰਯੋਗ ਸਮਝੌਤਾ ਹੋ ਸਕਦਾ ਹੈ। ਟਰੰਪ ਨੇ ਸੋਮਵਾਰ ਨੂੰ ਟਰੂਥ ਸੋਸ਼ਲ ਉਤੇ ਇਹ ਐਲਾਨ ਕੀਤਾ, ਜਿਸ ਵਿਚ ਪਾਕਿਸਤਾਨ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ, ਜੋ ਅਮਰੀਕਾ-ਇਰਾਨ ਜੰਗ ਵਿਚ ਵਿਚੋਲਗੀ ਕਰ ਰਿਹਾ ਹੈ। ਉਨ੍ਹਾਂ ਕਿਹਾ, "ਕਤਰ ਦੇ ਅਮੀਰ ਤਮੀਮ ਬਿਨ ਹਮਦ ਅਲ ਥਾਨੀ, ਸਾਊਦੀ ਅਰਬ ਦੇ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਅਲ ਸਾਊਦ ਅਤੇ ਯੂ.ਏ.ਈ. ਦੇ ਰਾਸ਼ਟਰਪਤੀ ਮੁਹੰਮਦ ਬਿਨ ਜ਼ਾਇਦ ਅਲ ਨਾਹਯਾਨ ਨੇ ਮੈਨੂੰ ਕੱਲ੍ਹ (ਮੰਗਲਵਾਰ) ਇਰਾਨ ਉਤੇ ਸਾਡੇ ਯੋਜਨਾਬੱਧ ਵੰਜੀ ਹਮਲੇ ਨੂੰ ਮੁਲਤਵੀ ਕਰਨ ਦੀ ਬੇਨਤੀ ਕੀਤੀ ਹੈ।" ਟਰੰਪ ਨੇ ਵ੍ਹਾਈਟ ਹਾਊਸ (ਅਮਰੀਕੀ ਰਾਸ਼ਟਰਪਤੀ ਦੀ ਸਰਕਾਰੀ ਰਿਹਾਇਸ਼ ਅਤੇ ਦਫ਼ਤਰ) ਵਿਖੇ ਕਿਹਾ, "ਅਸੀਂ ਕੱਲ੍ਹ ਇਕ ਬਹੁਤ ਵੱਡੇ ਹਮਲੇ ਦੀ ਤਿਆਰੀ ਕਰ ਰਹੇ ਸੀ। ਮੈਂ ਇਸ ਨੂੰ ਕੁੱਝ ਸਮੇਂ ਲਈ ਮੁਲਤਵੀ ਕਰ ਦਿਤਾ ਹੈ। ਉਮੀਦ ਹੈ ਕਿ ਇਹ ਹਮੇਸ਼ਾ ਲਈ ਹੋ, ਪਰ ਹੁਣ ਲਈ, ਇਹ ਸ਼ਾਇਦ ਥੋੜ੍ਹੇ ਸਮੇਂ ਲਈ ਹੈ। ਅਸੀਂ ਇਰਾਨ ਨਾਲ ਵਿਆਪਕ ਗੱਲਬਾਤ ਕੀਤੀ ਹੈ, ਅਤੇ ਅਸੀਂ ਦੇਖਾਂਗੇ ਕਿ ਉਹ ਕੀ ਨਤੀਜਾ ਦਿੰਦੇ ਹਨ।" ਟਰੰਪ ਨੇ ਕਿਹਾ ਕਿ ਸਾਊਦੀ ਅਰਬ, ਕਤਰ, ਯੂ.ਏ.ਈ. ਅਤੇ ਕੁੱਝ ਹੋਰ ਦੇਸ਼ਾਂ ਨੇ ਉਨ੍ਹਾਂ ਨੂੰ ਪੁਛਿਆ ਸੀ ਕਿ ਕੀ ਅਮਰੀਕਾ ਇਸ ਨੂੰ ਦੋ ਜਾਂ ਤਿੰਨ ਦਿਨਾਂ ਲਈ ਮੁਲਤਵੀ ਕਰ ਸਕਦਾ ਹੈ, ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਉਹ ਇਕ ਸਵੀਕਾਰਯੋਗ ਹੋਵੇ। (ਏਜੰਸੀ)

ਟਰੰਪ-ਨੇਤਨਯਾਹੂ ਦਾ ਕਤਲ ਕਰਨ ਵਾਲੇ ਨੂੰ 500 ਕਰੋੜ ਰੁਪਏ ਦੇਵੇਗਾ ਇਰਾਨ

ਤੇਹਰਾਨ, 19 ਮਈ : ਇਰਾਨ ਦੀ ਸੰਸਦ ਵਿਚ ਟਰੰਪ ਅਤੇ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੀ ਹੱਤਿਆ ਕਰਨ ਵਾਲੇ ਨੂੰ 500 ਕਰੋੜ ਰੁਪਏ ਤੋਂ ਵੱਧ ਦਾ ਇਨਾਮ ਦੇਣ ਵਾਲਾ ਬਿਲ ਲਿਆਉਣ ਦੀ ਤਿਆਰੀ ਚੱਲ ਰਹੀ ਹੈ। ਦ ਟੈਲੀਗ੍ਰਾਫ਼ਡ ਦੀ ਰੀਪੋਰਟ ਮੁਤਾਬਕ ਇਰਾਨੀ ਸੰਸਦ ਦਾ ਕੰਮੀ ਸੁਰੱਖਿਆ ਕਮਿਸ਼ਨ ਇਸ ਬਿਲ ਨੂੰ ਤਿਆਰ ਕਰ ਰਿਹਾ ਹੈ। ਕਮਿਸ਼ਨ ਦੇ ਮੁਖੀ ਇਬਰਾਹਿਮ ਅਜ਼ੀਜ਼ੀ ਨੇ ਕਿਹਾ ਕਿ ਇਸਲਾਮਿਕ ਰਿਪਬਲਿਕ ਦੀ ਫ਼ੌਜੀ ਅਤੇ ਸੁਰੱਖਿਆ ਬਲਾਂ ਦੀ ਜਵਾਬੀ ਕਾਰਵਾਈ ਨਾਂ ਨਾਲ ਇਸ ਤਿਆਰ ਕੀਤਾ ਜਾ ਰਿਹਾ ਹੈ। ਇਰਾਨੀ ਸੰਸਦ ਮੈਂਬਰ ਮਹਿਊਜ਼ ਨਬਾਵਿਆਨ ਨੇ ਕਿਹਾ ਕਿ ਸੰਸਦ ਛੇਤੀ ਹੀ ਇਸ ਬਿਲ 'ਤੇ ਵੋਟਿਗ ਕਰ ਸਕਦਾ ਹੈ, ਜੋ ਟਰੰਪ ਅਤੇ ਨੇਤਨਯਾਹੂ ਨੂੰ ਨਰਕ 'ਚ ਪਹੁੰਚਾਉਣ ਵਾਲਿਆਂ ਨੂੰ ਇਨਾਮ ਦੇਵੇਗਾ। ਰੀਪੋਰਟ 'ਚ ਕਿਹਾ ਗਿਆ ਹੈ ਕਿ ਇਰਾਨ ਦੇ ਸਰਬਉੱਚ ਨੇਤਾ ਅਯਾਤੁੱਲਾ ਖ਼ਾਮੇਨੇਈ ਸਮੇਤ ਡਿਸੀ ਅਤੇ ਸਿਆਸੀ ਆਗੂਆਂ ਦੀ ਮੰਤ੍ਰ ਤੋਂ ਬਾਅਦ ਇਹ ਕਮ ਚੁਕਿਆ ਜਾ ਰਿਹਾ ਹੈ। (ਏਜੰਸੀ)

ਇਕ ਨਜ਼ਰ....

12-13 ਸਤੰਬਰ ਨੂੰ ਭਾਰਤ ਆਉਣਗੇ ਪੁਤਿਨ

ਨਵੀਂ ਦਿੱਲੀ, 19 ਮਈ : ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਇਸ ਸਾਲ 12-13 ਸਤੰਬਰ ਨੂੰ ਭਾਰਤ ਦਾ ਦੌਰਾ ਕਰਨਗੇ। ਕ੍ਰੇਮਲਿਨ ਦੇ ਇਕ ਸੀਨੀਅਰ ਅਧਿਕਾਰੀ ਯੂਰੀ ਉਸ਼ਾਕੋਵ ਨੇ ਸਰਕਾਰੀ ਨਿਊਜ਼ ਏਜੰਸੀ 'ਤਾਸ' (ਟੀ.ਏ.ਐੱਸ.ਐੱਸ.) ਦੇ ਹਵਾਲੇ ਨਾਲ ਪੁਸ਼ਟੀ ਕੀਤੀ ਹੈ ਕਿ "ਰਾਸ਼ਟਰਪਤੀ ਪੁਤਿਨ 12 ਅਤੇ 13 ਸਤੰਬਰ ਨੂੰ ਨਵੀਂ ਦਿੱਲੀ ਵਿਚ ਹੋਣ ਵਾਲੇ ਬ੍ਰਿਕਸ ਸੰਮੇਲਨ ਵਿਚ ਹਿੱਸਾ ਲੈਣਗੇ।" ਇਸ ਵਾਰ ਬ੍ਰਿਕਸ ਸੰਮੇਲਨ ਦੀ ਪ੍ਰਧਾਨਗੀ ਭਾਰਤ ਕਰ ਰਿਹਾ ਹੈ। ਅਧਿਕਾਰੀਆਂ ਮੁਤਾਬਕ, ਇਸ ਸੰਮੇਲਨ ਦੌਰਾਨ ਰੂਸੀ ਤੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਵਿਚਾਲੇ ਇਕ ਦੁਵਲੀ ਬੈਠਕ ਵੀ ਪ੍ਰਸਤਾਵਤ ਹੈ। (ਪੀ.ਟੀ.ਆਈ.)

ਉਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਖੰਡੂਰੀ ਦਾ ਦੇਹਾਂਤ

ਦੇਹਰਾਦੂਨ, 19 ਮਈ : ਉਤਰਾਖੰਡ ਦੇ ਸਾਬਕਾ ਮੁੱਖ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੀਨੀਅਰ ਆਗੂ ਮੇਜਰ ਜਨਰਲ (ਰਿਟਾ.) ਭੁਵਨ ਚੰਦਰ ਖੰਡੂਰੀ ਦਾ ਲੰਮੀ ਬਿਮਾਰੀ ਤੋਂ ਬਾਅਦ ਮੰਗਲਵਾਰ ਨੂੰ ਦੇਹਰਾਦੂਨ ਦੇ ਇਕ ਨਿੱਜੀ ਹਸਪਤਾਲ ਵਿਚ ਦੇਹਾਂਤ ਹੋ ਗਿਆ। ਉਹ 91 ਸਾਲਾਂ ਦੇ ਸਨ। ਖੰਡੂਰੀ ਪਿਛਲੇ ਕੁੱਝ ਸਮੇਂ ਤੋਂ ਉਮਰ ਨਾਲ ਸਬੰਧਤ ਬਿਮਾਰੀਆਂ ਤੋਂ ਪੀੜਤ ਸਨ। ਉਨ੍ਹਾਂ ਦੀ ਪੁੱਤਰੀ ਅਤੇ ਉੱਤਰਾਖੰਡ ਵਿਧਾਨ ਸਭਾ ਦੇ ਸਪੀਕਰ ਰਿਤੂ ਖੰਡੂਰੀ ਭੂਸ਼ਣ ਨੇ ਇਸ ਦੁਖਦਾਈ ਖ਼ਬਰ ਦੀ ਪੁਸ਼ਟੀ ਕਰਦਿਆਂ ਦਸਿਆ ਕਿ ਉਨ੍ਹਾਂ ਨੇ ਸਵੇਰੇ ਕਰੀਬ 11 ਵਜੇ ਆਖਰੀ ਸਾਹ ਲਿਆ। (ਏਜੰਸੀ)

ਰਿਸ਼ੀਕੇਸ਼ ਵਿਚ ਉਜੈਨੀ ਐਕਸਪ੍ਰੇਸ ਲੀਹੋਂ ਲੱਥੀ

ਰਿਸ਼ੀਕੇਸ਼, 19 ਮਈ : ਯੋਗਨਗਰੀ ਰੇਲਵੇ ਸਟੇਸ਼ਨ ਉਤੇ ਸੋਮਵਾਰ ਦੇਰ ਰਾਤ ਇਕ ਵੱਡਾ ਹਾਦਸਾ ਹੋਣ ਤੋਂ ਟਲ ਗਿਆ। ਉਜੈਨੀ ਐਕਸਪ੍ਰੇਸ ਸ਼ਿਟੰਗ ਦੌਰਾਨ ਪਟਰੀ ਤੋਂ ਉਤਰ ਗਈ। ਹਾਦਸਾ ਵਿਚ ਰੇਲਗੱਡੀ ਦੇ ਤਿੰਨ ਡੱਬੇ ਨੁਕਸਾਨੇ ਗਏ।